# ਤੁਹਾਡੀ ਜਾਣਕਾਰੀ ਦੀ ਸੰਭਾਲ ਕਰਨਾ
# ਸਾਡੇ ਮਰੀਜ਼ਾਂ, ਗਾਹਕਾਂ ਅਤੇ ਵਸਨੀਕਾਂ ਨੂੰ ਸੂਚਨਾ

## Caring for Your Information
## Notice to our Patients, Clients and Residents

### ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਨਾ, ਵਰਤਣਾ ਅਤੇ ਸਾਂਝੀ ਕਰਨਾ

ਜਦੋਂ ਤੁਸੀਂ ਵੈਨਕੂਵਰ ਕੋਸਟਲ ਹੈਲਥ ਅਥਾਰਟੀ ਤੋਂ ਕੋਈ ਵੀ ਸੰਭਾਲ, ਇਲਾਜ ਅਤੇ ਸੇਵਾਵਾਂ ਲੈਂਦੇ ਹੋ ਤਾਂ ਸਾਡਾ ਸਟਾਫ ਅਤੇ ਡਾਕਟਰ ਤੁਹਾਡੇ ਤੋਂ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਨਗੇ। ਜਿੱਥੇ ਆਗਿਆ ਹੋਵੇ, ਅਸੀਂ ਤੁਹਾਡੇ ਪਰਿਵਾਰ, ਦੋਸਤਾਂ, ਜਾਂ ਹੋਰ ਸੰਸਥਾਵਾਂ ਨੂੰ ਤੁਹਾਡੇ ਬਾਰੇ ਸਾਨੂੰ ਜਾਣਕਾਰੀ ਦੇਣ ਲਈ ਕਹਿ ਸਕਦੇ ਹਾਂ (ਜਿਵੇਂ ਰਿਕਾਰਡਾਂ ਦੀਆਂ ਕਾਪੀਆਂ, ਦਵਾਈ ਦੀ ਜਾਣਕਾਰੀ ਜਾਂ ਟੈੱਸਟਾਂ ਦੇ ਨਤੀਜੇ)।

ਤੁਹਾਡੀ ਜਾਣਕਾਰੀ ਸਾਡੇ ਇਲੈਕਟਰੌਨਿਕ ਹੈਲਥ ਇਨਫਰਮੇਸ਼ਨ ਸਿਸਟਮਾਂ ਵਿਚ ਪਾਈ ਜਾ ਸਕਦੀ ਹੈ ਤਾਂ ਜੋ ਜਿੱਥੇ ਤੁਹਾਡੀ ਸੰਭਾਲ ਹੋ ਰਹੀ ਹੈ ਜਾਂ ਤੁਹਾਨੂੰ ਸੇਵਾਵਾਂ ਮਿਲ ਰਹੀਆਂ ਹਨ, ਉੱਥੇ ਅਧਿਕਾਰਤ ਵਿਅਕਤੀਆਂ ਦੀ ਉਸ ਜਾਣਕਾਰੀ ਤੱਕ ਤੇਜ਼ੀ ਨਾਲ ਪਹੁੰਚ ਹੋਣ ਵਿਚ ਮਦਦ ਮਿਲੇ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਬੀ ਸੀ *ਫ੍ਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ* ("ਫੀਪਾ") ਦੇ ਮੁਢਲੇ ਅਧਿਕਾਰ ਅਧੀਨ ਇਕੱਠੀ ਕਰਦੇ ਹਾਂ, ਵਰਤਦੇ ਹਾਂ ਅਤੇ ਸਾਂਝੀ ਕਰਦੇ ਹਾਂ। ਫੀਪਾ ਅਤੇ ਹੋਰ ਕਾਨੂੰਨ ਸਾਨੂੰ ਇਨ੍ਹਾਂ ਕਾਰਨਾਂ ਕਰਕੇ ਤੁਹਾਡੀ ਨਿੱਜੀ ਜਾਣਕਾਰੀ ਵਰਤਣ ਅਤੇ ਸਾਂਝੀ ਕਰਨ ਦਾ ਅਧਿਕਾਰ ਦਿੰਦੇ ਹਨ:

- ਤੁਹਾਡੀ ਪਛਾਣ ਕਰਨ ਲਈ ਅਤੇ ਤੁਹਾਡੇ ਇਲਾਜ ਬਾਰੇ ਤੁਹਾਡੇ ਨਾਲ ਸੰਪਰਕ ਰੱਖਣ ਲਈ
- ਲਗਾਤਾਰ ਇਲਾਜ ਕਰਨ ਅਤੇ ਸੰਭਾਲ ਦੀਆਂ ਸਰਗਰਮੀਆਂ ਵਿਚ ਮਦਦ ਕਰਨ ਲਈ
- ਸੰਭਾਲ ਅਤੇ ਸੇਵਾਵਾਂ ਦੀ ਵਿਉਂਤ ਬਣਾਉਣ, ਨਿਗਰਾਨੀ ਰੱਖਣ, ਉਨ੍ਹਾਂ ਨੂੰ ਕਾਇਮ ਰੱਖਣ ਅਤੇ ਉਨ੍ਹਾਂ ਵਿਚ ਸੁਧਾਰ ਕਰਨ ਵਿਚ ਸਾਡੀ ਮਦਦ ਕਰਨ ਲਈ
- ਪੜ੍ਹਾਈ ਅਤੇ ਟਰੇਨਿੰਗ ਲਈ (ਜਿਵੇਂ ਮੈਡੀਕਲ ਦੇ ਵਿਦਿਆਰਥੀ) ਅਤੇ ਸਹਿਮਤੀ ਨਾਲ ਜਾਂ ਕਾਨੂੰਨ ਦੀ ਆਗਿਆ ਨਾਲ ਖੋਜ ਕਰਨ ਲਈ
- ਬੈਨੇਫਿਟਸ ਅਤੇ ਸੇਵਾਵਾਂ ਲਈ ਤੁਹਾਡੀ ਹੱਕਦਾਰੀ ਜਾਣਨ ਲਈ ਅਤੇ ਮੈਡੀਕਲ ਸਰਵਿਸ ਦੇ ਬਿੱਲਾਂ ਦਾ ਪ੍ਰਬੰਧ ਕਰਨ ਲਈ
- ਹੋਰ ਧਿਰਾਂ (ਜਿਵੇਂ ਮਨਿਸਟਰੀ ਆਫ ਹੈਲਥ ਸਰਵਿਸਿਜ਼, ਕੈਨੇਡੀਅਨ ਇੰਸਟੀਚਿਊਟ ਆਫ ਹੈਲਥ ਇਨਫਰਮੇਸ਼ਨ) ਨੂੰ ਤੁਹਾਡੀ ਪਛਾਣ ਦੀ ਤਸਦੀਕ ਕਰਨ ਦੇ ਯੋਗ ਬਣਾਉਣ ਲਈ, ਪਲੈਨਿੰਗ ਅਤੇ ਸੁਧਾਰ ਦੀਆਂ ਸਰਗਰਮੀਆਂ ਕਰਨ ਲਈ, ਕਾਰਗੁਜ਼ਾਰੀ ਨਾਪਣ ਲਈ ਅਤੇ ਹੈਲਥਕੇਅਰ ਨੂੰ ਫੰਡ ਦੇਣ ਲਈ
- ਬੀਮਾਰੀਆਂ ਦੇ ਫੈਲਣ ਦਾ ਵਿਸ਼ਲੇਸ਼ਣ ਕਰਨ ਲਈ ਅਤੇ ਕਾਬੂ ਕਰਨ ਲਈ ਅਤੇ ਲੋਕਾਂ ਦੀ ਸਮੁੱਚੀ ਸਿਹਤ 'ਤੇ ਨਿਗਰਾਨੀ ਰੱਖਣ ਲਈ
- ਜਿਵੇਂ ਕਿ ਕਾਨੂੰਨ (ਜਿਵੇਂ ਅਦਾਲਤ ਦਾ ਹੁਕਮ, ਰਿਪੋਰਟ ਕਰਨ ਯੋਗ ਹਾਲਤਾਂ) ਵਲੋਂ ਮੰਗ ਕੀਤੀ ਜਾਂਦੀ ਹੈ ਅਤੇ ਫੀਪਾ ਵਲੋਂ ਅਧਿਕਾਰ ਦਿੱਤਾ ਜਾਂਦਾ ਹੈ।

ਲਗਾਤਾਰ ਅਤੇ ਇਕਸਾਰ ਸੰਭਾਲ ਅਤੇ ਸਰਵਿਸ ਵਿਚ ਮਦਦ ਕਰਨ ਲਈ, ਤੁਹਾਡੀ ਸਿਹਤ ਦੀ ਜਾਣਕਾਰੀ ਤੁਹਾਨੂੰ ਭੇਜਣ ਵਾਲੇ ਡਾਕਟਰ, ਸਿਹਤ ਸੰਭਾਲ ਦੇ ਹੋਰ ਅਧਿਕਾਰਤ ਮਾਹਰਾਂ ਅਤੇ ਉਨ੍ਹਾਂ ਦੀ ਮਦਦ ਕਰਨ ਵਾਲੇ ਸਟਾਫ, ਜਾਂ ਹੈਲਥ ਕੇਅਰ ਏਜੰਸੀਆਂ ਅਤੇ ਤੁਹਾਡੀ ਸੰਭਾਲ ਵਿਚ ਸ਼ਾਮਲ ਹੋਰ ਸਥਾਨਾਂ ਨੂੰ ਦਿੱਤੀ ਜਾਵੇਗੀ। ਕੁਝ ਕੇਸਾਂ ਵਿਚ, ਇਹ ਸਿਹਤ ਮਾਹਰ, ਤੁਹਾਨੂੰ ਸਿੱਧੀਆਂ ਜਾਂ ਮਦਦ ਕਰਨ ਵਾਲੀਆਂ ਸੇਵਾਵਾਂ ਦੇਣ ਲਈ ਤੁਹਾਡੀ ਸਿਹਤ ਦੀ ਜਾਣਕਾਰੀ ਸਾਡੇ ਇਲੈਕਟਰੌਨਿਕ ਹੈਲਥ ਇਨਫਰਮੇਸ਼ਨ ਸਿਸਟਮਾਂ ਵਿਚ ਦੇਖ ਸਕਦੇ ਹਨ।

ਜੇ ਤੁਸੀਂ ਹਸਪਤਾਲ ਜਾਂ ਕਿਸੇ ਰੈਜ਼ੀਡੈਂਸਲ ਕੇਅਰ ਵਿਚ ਮਰੀਜ਼ ਹੋ ਤਾਂ ਅਸੀਂ ਫੋਨ ਕਰਕੇ ਪੁੱਛਣ ਵਾਲੇ ਤੁਹਾਡੇ ਪਰਿਵਾਰ ਜਾਂ ਨੇੜਲੇ ਦੋਸਤਾਂ ਨੂੰ ਤੁਹਾਡੇ ਦਾਖਲੇ ਅਤੇ ਸਥਾਨ ਬਾਰੇ ਜਾਣਕਾਰੀ ਦੇਵਾਂਗੇ। *ਜੇ ਤੁਸੀਂ ਨਹੀਂ ਚਾਹੁੰਦੇ ਕਿ ਅਸੀਂ ਇਹ ਜਾਣਕਾਰੀ ਦੇਈਏ ਤਾਂ ਕਿਰਪਾ ਕਰਕੇ ਪੇਸ਼ੈਂਟ ਰਜਿਸਟਰੇਸ਼ਨ ਵਿਖੇ ਜਾਂ ਆਪਣੇ ਇਲਾਜ ਵਾਲੇ ਏਰੀਏ ਵਿਚਲੇ ਕਿਸੇ ਸਟਾਫ ਮੈਂਬਰ ਨੂੰ ਇਸ ਬਾਰੇ ਦੱਸੋ।*

### ਈਹੈਲਥ ਅਤੇ ਤੁਹਾਡੀ ਜਾਣਕਾਰੀ

ਈਹੈਲਥ ਇਕ ਸੂਬਾਈ ਉੱਦਮ ਹੈ ਜਿਹੜਾ ਤੁਹਾਡੀ ਸਿਹਤ ਦੀ ਜਾਣਕਾਰੀ ਦੇ ਖਾਸ ਪੱਖਾਂ ਤੱਕ ਸੂਬੇ ਭਰ ਦੇ ਅਧਿਕਾਰਤ ਹੈਲਥ ਕੇਅਰ ਮਾਹਰਾਂ ਵਲੋਂ ਪਹੁੰਚ ਕੀਤੇ ਜਾਣ ਦੀ ਆਗਿਆ ਦਿੰਦਾ ਹੈ ਨਾ ਕਿ ਕਿਸੇ ਖਾਸ ਇਲਾਕੇ ਦੇ ਮਾਹਰਾਂ ਵਲੋਂ। ਹਰ ਹੈਲਥ ਅਥਾਰਟੀ ਸਿਹਤ ਦੀ ਖਾਸ ਜਾਣਕਾਰੀ ਸੂਬੇ ਭਰ ਦੇ ਇਲੈਕਟਰੌਨਿਕ ਇਨਫਰਮੇਸ਼ਨ ਸਿਸਟਮ ਨੂੰ ਭੇਜਦੀ ਹੈ, ਜਿੱਥੇ ਇਹ ਸਖਤ ਸੁਰੱਖਿਆ ਨਾਲ ਸਾਂਝੀ ਜਾਂਦੀ ਹੈ ਅਤੇ ਸੀਮਤ ਅਤੇ ਅਧਿਕਾਰਤ ਮੰਤਵਾਂ ਲਈ ਵਰਤੀ ਜਾਂਦੀ ਹੈ। ਈਹੈਲਥ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ http://www.health.gov.bc.ca/ehealth 'ਤੇ ਸਰਕਾਰ ਦਾ ਈਹੈਲਥ ਵੈੱਬਸਾਈਟ ਦੇਖੋ।

### ਜ਼ਿਆਦਾ ਜਾਣਕਾਰੀ ਲਈ

ਇਸ ਸੂਚਨਾ ਅਤੇ ਆਪਣੀ ਨਿੱਜੀ ਜਾਣਕਾਰੀ ਦੀ ਸੁਰੱਖਿਆ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ www.vch.ca 'ਤੇ ਜਾਉ, "ਯੂਅਰ ਪ੍ਰਾਈਵੇਸੀ" ਸਰਚ ਕਰੋ ਅਤੇ ਦਿੱਤੇ ਗਏ ਲਿੰਕ 'ਤੇ ਕਲਿੱਕ ਕਰੋ ਜਾਂ ਵੀ ਸੀ ਐੱਚ ਇਨਫਰਮੇਸ਼ਨ ਪ੍ਰਾਈਵੇਸੀ ਆਫਿਸ ਨਾਲ (604) 875.5568 ਜਾਂ ਈਮੇਲ privacy@vch.ca 'ਤੇ ਸੰਪਰਕ ਕਰੋ।